# ਜੰਗਲੀ ਜਾਨਵਰਾਂ ਨੂੰ ਭੋਜਨ ਨਾ ਖਵਾਓ



## ਕਾਈਓਟੀਜ ਜਾਂ ਜੰਗਲੀ ਜਾਨਵਰਾਂ ਨੂੰ ਭੋਜਨ ਨਾ ਖਵਾਓ

ਸਿਟੀ ਆਫ ਬ੍ਰੈਂਪਟਨ ਦੇ ਬਾਇ-ਲਾਅਜ ਦੇ ਮੁਤਾਬਕ, ਜੰਗਲੀ ਜਾਨਵਰਾਂ ਨੂੰ ਭੋਜਨ ਖਵਾਉਣ ਤੇ ਪਾਬੰਦੀ ਹੈ। ਵਸਨੀਕਾਂ ਨੂੰ ਕਿਸੇ ਵੀ ਸਥਿਤੀ ਵਿੱਚ, ਜੰਗਲੀ ਜਾਨਵਰਾਂ ਨੂੰ ਭੋਜਨ ਨਹੀਂ ਖਵਾਉਣਾ ਚਾਹੀਦਾ, ਇਹਨਾਂ ਜਾਨਵਰਾਂ ਵਿੱਚ ਸ਼ਾਮਲ ਹਨ, ਗਲਹਿਰੀਆਂ, ਹੰਸ, ਬੱਤਖਾਂ, ਲੂੰਬੜੀਆਂ ਜਾਂ ਕਾਈਓਟੀਜ। ਇਹ ਮਨੁੱਖਾਂ ਅਤੇ ਜਾਨਵਰਾਂ, ਦੋਵਾਂ ਲਈ ਖਤਰਨਾਕ ਸਥਿਤੀ ਪੈਦਾ ਕਰਦਾ ਹੈ।

ਜਾਨਵਰ:

- ਭੋਜਨ ਲਈ ਮਨੁੱਖਾਂ ਤੇ ਨਿਰਭਰ ਹੋ ਸਕਦੇ ਹਨ
- ਆਪਣਾ ਡਰ ਛੱਡ ਕੇ ਮਨੁੱਖਾਂ ਨਾਲ ਜਾਣੂ ਹੋ ਸਕਦੇ ਹਨ, ਜੋ ਸੰਭਾਵੀ ਤੌਰ ਤੇ ਖਰਾਬ ਹਾਲਾਤ ਪੈਦਾ ਕਰ ਸਕਦਾ ਹੈ
- ਮਨੁੱਖਾਂ ਨੂੰ ਭੋਜਨ ਨਾਲ ਜੋੜ ਸਕਦੇ ਹਨ, ਜਿਸ ਨਾਲ ਜਾਨਵਰ ਜਿੱਦੀ ਜਾਂ ਹਿੰਸਕ ਬਣ ਸਕਦੇ ਹਨ

ਸਿਟੀ ਆਫ ਬ੍ਰੈਂਪਟਨ, ਇੱਕ ਸਥਿਰ ਅਤੇ ਮਜ਼ਬੂਤ ਕਮਿਉਨਿਟੀ ਬਣਾਉਣ ਲਈ ਵਚਨਬੱਧ ਹੈ, ਜਿੱਥੇ ਵਸਨੀਕ, ਜੰਗਲੀ ਜਾਨਵਰਾਂ ਦੇ ਹੁੰਦੇ ਹੋਇਆਂ ਸੁਰੱਖਿਅਤ ਰੂਪ ਨਾਲ ਰਹਿ ਸਕਣ ਅਤੇ ਕੁਦਰਤੀ ਈਕੋਸਿਸਟਮ ਖੁਸ਼ਹਾਲ ਰਹੇ।

ਹੋਰ ਭਾਸ਼ਾਵਾਂ ਵਿੱਚ ਜਾਣਕਾਰੀ ਲਈ, ਹੇਠਾਂ QR ਕੋਡ ਸਕੈਨ ਕਰੋ।



ਵਧੇਰੇ ਜਾਣਕਾਰੀ ਲਈ, **brampton.ca** ਤੇ ਜਾਓ।

ਕਿਸੇ ਘਟਨਾ ਦੀ ਰਿਪੋਰਟ ਕਰਨ ਲਈ, **3-1-1** ਤੇ ਫੋਨ ਕਰੋ।

BRAMPTON